## ਸ੍ਰੀ ਦਸਮ ਗ੍ਰੰਥ ਸਾਹਿਬ ਦੀ ਨਿਰਾਦਰੀ
## ਭਾਰਤੀ ਦੰਡਾਵਲੀ ਮੁਤਾਬਕ ਦੰਡਯੋਗ ਅਪਰਾਧ ਹੈ।

ਸਿੱਖ ਧਰਮ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਰੱਖੀ ਤੇ ਜਿਸ ਦੀ ਸੰਪੂਰਨਤਾ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਵਾਲੀ, ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ।

ਖਾਲਸੇ ਦੀ ਸਿਰਜਨਾ ਲਈ ਅੰਮ੍ਰਿਤ ਸੰਚਾਰ ਲਾਜ਼ਮੀ ਹੈ ਅਤੇ ਇਸ ਨੂੰ ਸਿਖ ਬਣਾਈ ਰਖਣ ਲਈ ਨਿਤਨੇਮ ਜ਼ਰੂਰੀ ਹੈ। ਅੰਮ੍ਰਿਤ ਸੰਚਾਰ ਅਤੇ ਨਿਤਨੇਮ ਲਈ ਪੰਜ ਪੰਜ ਬਾਣੀਆਂ ਹਨ। ਇਹਨਾਂ ਪਾਵਨ ਬਾਣੀਆਂ ਦੇ ਦੋ ਸ੍ਰੋਤ ਗ੍ਰੰਥ ਹਨ, ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ। ਸੋ ਇਹ ਨਿਰਵਿਵਾਦਿਤ ਰੂਪ ਵਿਚ ਸਪਸ਼ਟ ਹੈ ਕਿ ਖਾਲਸੇ ਦੀ ਸਿਰਜਨਾ ਸ੍ਰੋਤ ਦੋ ਧਾਰਮਿਕ ਗ੍ਰੰਥ ਹਨ, ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ।

ਸਾਰੇ ਦੇ ਸਾਰੇ ਸਿਖ ਸਭਿਆਚਾਰ, ਰਹਿਤ ਮਰਯਾਦਾ, ਪਰੰਪਰਾ, ਵਿਸ਼ਵਾਸ, ਧਰਮ ਅਤੇ ਧਾਰਮਿਕ ਕਾਨੂੰਨ ਇਹਨਾਂ ਦੋ ਪਾਵਨ ਗ੍ਰੰਥਾਂ ਤੇ ਅਧਾਰਤ ਹੈ ਜੋ ਕਿ ਹੇਠ ਅੰਕਤ ਸ੍ਰੋਤਾਂ ਤੋਂ ਸਪਸ਼ਟ ਹੈ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀ ਪੰਥਕ ਰਹਿਣੀ ਵਾਲੇ ਅਧਿਆਇ ਵਿਚ 'ਗੁਰੂ ਪੰਥ' ਬਾਰੇ ਅੰਕਿਤ ਹੈ।

*(ੳ) ਗੁਰੂ ਪੰਥ-ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।*

ਉਕਤ ਸਿਖ ਰਹਿਤ ਮਰਯਾਦਾ ਦੇ ਆਰੰਭ ਵਿਚ ਹੀ ਸਿਖ ਦੀ ਪਰਿਭਾਸ਼ਾ ਅੰਕਿਤ ਹੈ।

*ਸਿੱਖ ਦੀ ਤਾਰੀਫ਼ -ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।*

ਇਸ ਮਦ ਮੁਤਾਬਿਕ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੇ ਵੀ ਨਿਸ਼ਚਾ ਰੱਖਣਾ ਲਾਜ਼ਮੀ ਹੈ।

ਸਿਖ ਰਹਿਤ ਮਰਯਾਦਾ ਦੇ ਅਧਿਆਇ (ਗੁਰਬਾਣੀ ਦੀ ਕਥਾ ਮੁਤਾਬਕ *'ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਤ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ, ਜੋ ਗੁਰਮਤ ਅਨੁਕੂਲ ਹਨ) ਦੀ ਹੋ ਸਕਦੀ ਹੈ।'*

ਕਿਸੇ ਵਿਅਕਤੀ ਨੂੰ ਸਿਖ ਸਜਾਉਣ ਲਈ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਨਿਸ਼ਚਿਤ ਹਨ। ਸਿਖ ਰਹਿਤ ਮਰਯਾਦਾ ਦੇ ਅਧਿਆਇ ਅੰਮ੍ਰਿਤ ਸੰਸਕਾਰ ਦੀ ਮਦ (ਙ) ਮੁਤਾਬਿਕ ਇਹ ਬਾਣੀਆਂ ਹਨ *-ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ।*

ਸਿਖ ਨੂੰ ਸਿਖੀ ਵਿਚ ਬਣੇ ਰਹਿਣ ਲਈ ਨਿਤਨੇਮ ਦਾ ਪਾਠ ਜ਼ਰੂਰੀ ਹੈ। ਸਿਖ ਰਹਿਤ ਮਰਯਾਦਾ ਦੀ ਮਦ ਨਾਮ ਬਾਣੀ ਦਾ ਅਭਿਆਸ ਮੁਤਾਬਿਕ ਨਿਤਨੇਮ ਦੀਆਂ ਬਾਣੀਆਂ ਇਹ ਹਨ–

*ਜਪੁ, ਜਾਪੁ ਅਤੇ ੧੦ ਸਵਯੇ ('ਸ੍ਰਾਵਗ ਸੁਧ' ਵਾਲੇ)-ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।*

*ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ (ਸੋ ਦਰੁ ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੇ ਰੱਛਾ') ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ, ਸਵੈਯਾ ('ਪਾਂਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'।*

*ਸੋਹਿਲਾ-ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।*

ਇਸੇ ਤਰਾਂ ਸਿਖ ਲਈ ਨਿਤਨੇਮ ਤੇ ਅੰਮ੍ਰਿਤ ਸੰਚਾਰ ਦੀ ਬਾਣੀ ਦੇ ਨਾਲ-ਨਾਲ ਅਰਦਾਸ ਵੀ ਲਾਜ਼ਮੀ ਹੈ। ਅਰਦਾਸ ਦੀ ਪਹਿਲੀ ਪਉੜੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ ਹੈ ਜੋ ਦਸਮ ਗ੍ਰੰਥ ਦੀ ਰਚਨਾ ਹੈ।

ਉਕਤ ਵਿਚਾਰ ਤੋਂ ਸਪਸ਼ਟ ਹੈ ਕਿ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨਾਲ ਨਾ ਤਾਂ ਕਿਸੇ ਨੂੰ ਅੰਮ੍ਰਿਤ ਹੀ ਛਕਾਇਆ ਜਾ ਸਕਦਾ ਹੈ ਅਤੇ ਨਾ ਉਸ ਨੂੰ ਨਿਤਨੇਮ ਦਿੱਤਾ ਜਾ ਸਕਦਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਵੀ ਮੂਲ ਸ੍ਰੋਤ ਹੈ।

ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਨਿਤਨੇਮ ਦੇ ਗੁਟਕੇ ਨਿਤਨੇਮ ਦੀ ਬਾਣੀ ਦੇ ਸ੍ਰੋਤਾਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਲਿਖਿਆ ਹੈ।

ਸਿਖ ਧਰਮ ਵਿਚ ਸਰਵਉਚ ਧਾਰਮਕ ਅਹੁਦਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਦਾ ਹੈ ਜੋ ਕਿ ਸਿੰਘ ਸਾਹਿਬਾਨ ਦੇ ਨਾਮ ਨਾਲ ਜਾਣੇ ਜਾਂਦੇ ਹਨ। ਸ਼੍ਰੋ. ਗੁ. ਪ੍ਰ. ਕਮੇਟੀ ਵੱਲੋਂ ਪ੍ਰਕਾਸ਼ਤ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਪੁਸਤਕ ਵਿਚ 'ਮਰਯਾਦਾ ਨਿਯੁਕਤੀ ਗ੍ਰੰਥੀ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੇ ਅਧਿਆਇ ਵਿਚ ਸਿੰਘ ਸਾਹਿਬਾਨ ਦੀਆਂ ਯੋਗਤਾਵਾਂ ਅੰਕਿਤ ਹਨ, ਜਿਨ੍ਹਾਂ ਵਿਚ ਲਿਖਿਆ ਹੈ।

*ਗ੍ਰੰਥੀ ਸਿੰਘ ਦੀਆਂ ਇਹ ਯੋਗਤਾਵਾਂ ਲਿਖੀਆਂ ਹੁੰਦੀਆਂ ਹਨ, ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਗੁਰੁ ਪ੍ਰਤਾਪ ਸੂਰਜ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਆਦਿ ਪ੍ਰਸਿੱਧ ਗੁਰ ਇਤਿਹਾਸਕ ਗ੍ਰੰਥਾਂ ਦੀ ਚੰਗੀ ਤਰ੍ਹਾਂ ਵਿਆਖਿਆ ਕਰ ਸਕਦਾ ਹੋਵੇ। ਕਥਾ ਤੇ ਲੈਕਚਰ ਕਰਨ ਵਿੱਚ ਪ੍ਰਬੀਨ ਹੋਵੇ।*

*(ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ : ਪੰਨਾ ੧੫੯)*

ਉਕਤ ਵਿਚਾਰ ਤੋਂ ਨਿਰਵਿਵਾਦਤ ਰੂਪ ਵਿਚ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਦੇ ਸਰੋਤ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਮਹਤਤਾ, ਸ੍ਰੀ ਗੁਰੂ ਗੋਬਿੰਦ ਜੀ ਰਚਿਤ ਗੁਰਬਾਣੀ ਹੋਣ ਕਰਕੇ ਮਹੱਤਵਪੂਰਨ, ਲਾਜ਼ਮੀ ਤੇ ਸਨਮਾਨਯੋਗ ਹੈ। ਇਸੇ ਲਈ ਸਿਖ ਪੰਥ ਦੇ ਦੋ ਪਾਵਨ ਤਖਤਾਂ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ, ਹਾਜ਼ਰੀ ਤੇ ਛਤਰ ਛਾਇਆ ਹੇਠ ਦੂਸਰੇ ਨੰਬਰ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ ਦੇ ਗ੍ਰੰਥ ਸ੍ਰੀ ਦਸਮ ਗ੍ਰੰਥ ਸਾਹਿਬ, ਬਾਣੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਵੀ ਸਤਿਕਾਰ ਨਾਲ ਸਾਂਭੇ ਪਏ ਹਨ।

ਜਦੋਂ ਵੀ ਕਿਸੇ ਨੇ ਦਸਮ ਗ੍ਰੰਥ ਦੀ ਬਾਣੀ ਬਾਰੇ ਨਿਰਾਦਰੀ ਕਰਣ ਦੀ ਕੋਸ਼ਿਸ਼ ਕੀਤੀ ਤਾਂ ਉਸ ਤੇ ਪੰਥਕ ਕਾਰਵਾਈ ਹੋਈ। ਪਿਛਲੀ ਸਦੀ ਦੇ ਆਰੰਭ ਵਿਚ ਭਸੌੜੀਆਂ ਨੇ ਇਸ ਤਰਾਂ ਦੀ ਹਰਕਤ ਕੀਤੀ ਤਾਂ ਉਹ ਪੰਥ ਚੋਂ ਖਾਰਜ ਕੀਤੇ ਗਏ। ਇਸ ਬਾਰੇ ਹੁਕਮਨਾਮਾ ਹੇਠ ਅੰਕਤ ਹੈ। ਪਿਛੇ ਜਹੇ ਬਾਬੂ ਤੇਜਾ ਸਿੰਘ ਅਤੇ ਬੀਬੀ ਨਿਰੰਜਨ ਕੌਰ ਦੇ ਪਰਿਵਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ ਆਪਣੀ ਭੁਲ ਦਾ ਪਸਚਾਤਾਪ ਕੀਤਾ ਅਤੇ ਭੁਲ ਬਖਸ਼ਵਾਈ।

*ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ*

*ਵਾਹਿਗੁਰੂ ਜੀ ਦੀ ਫਤਹ।*

*ਸ੍ਰੀ ਅਕਾਲ ਜੀ ਸਹਾਇ,*

*ਹੁਕਮਨਾਮਾ*

*ਵਲੋਂ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ*

*ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ-ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਰਿਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤ ਵਿਰੁੱਧ ਕਾਰਵਾਈਆਂ ਕੀਤੀਆਂ ਹਨ। ਇਸ ਲਈ ਬਾਬੂ ਤੇਜਾ ਸਿੰਘ ਜੀ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦੀ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।*

*ਸਾਵਣ ਨਾ: ਸ: ੪੫੯* *ਮੋਹਰ ਸ੍ਰੀ ਅਕਾਲ ਤਖਤ ਸਾਹਿਬ*

*ਸਾਵਣ ਬਿ: ੧੯੮੫*

*ਅਗਸਤ ਸੰ: ਈ: ੧੯੨੮*

੧੯੭੭ ਵਿਚ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੀ ਸ੍ਰੀ ਦਸਮ ਗ੍ਰੰਥ ਦੀ ਬਾਣੀ, ਅਰਦਾਸ ਤੇ ਚੌਪਈ ਬਾਰੇ ਕਿੰਤੂ-ਪਰੰਤੂ ਕਰਨ ਵਾਲੇ ਭਾਗ ਸਿੰਘ ਅੰਬਾਲਾ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਨੇ ਸਖਤ ਕਾਰਵਾਈ ਕਰਦਿਆਂ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਤੇ ਸਮੁੱਚੇ ਸਿਖ ਪੰਥ ਨੂੰ ਸਖਤ ਆਦੇਸ਼ ਜਾਰੀ ਕੀਤਾ:

ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ

*ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।*

*ਦਫਤਰ ਸ੍ਰੀ ਅਕਾਲ ਤਖਤ ਸਾਹਿਬ*

*ਸ੍ਰੀ ਅੰਮ੍ਰਿਤਸਰ ਜੀ*

*ਮਿਤੀ ੦੫-੦੭-੭੭* *ਨੰ. ੩੫੪੮*

*ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੇ ਰੱਛਾ) ਵੀ ਹਨ, ਜੋ ਸਿੱਖ ਧਰਮ ਦੇ ਥੰਮ ਰੂਪ ਹਨ ਜਿਨ੍ਹਾਂ ਦਾ ਸਮੁੱਚੇ ਤੌਰ 'ਤੇ ਸਾਰੇ ਸਿੱਖ ਜਗਤ ਨਾਲ ਸਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋ. ਗੁ. ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੇ ਸਮੁੱਚੇ ਫੈਸਲੇ ਤੋਂ ਬਿਨਾਂ ਗਿਆਨੀ ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ 'ਦਸਮ ਗ੍ਰੰਥ ਨਿਰਣੈ' ਪੁਸਤਕ ਲਿਖਕੇ ਵਿਅਕਤੀਗਤ ਕਿੰਤੂ ਕਰਕੇ ਸਿੱਖ ਪੰਥ ਦੀ ਬੁਨਿਆਦੀ ਅਸੂਲਾਂ ਤੇ ਭਾਰੀ ਸੱਟ ਮਾਰ ਕੇ ਘੋਰ ਪਾਪ ਕੀਤਾ ਹੈ। ਇਸ ਲਈ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਦੇਸ਼ ਅਤੇ ਪ੍ਰਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੱਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਆਪ ਹਾਜ਼ਰ ਹੋ ਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫੀ ਨਹੀਂ ਮੰਗਦਾ ਸਿੱਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਸਮਾਗਮਾਂ ਵਿਖੇ ਕਿਸੇ ਸੂਰਤ ਵਿਚ ਵੀ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ ਤੇ ਸਖਤੀ ਨਾਲ ਅਮਲ ਕਰਨ।*

*(ਸਹੀ)*

*ਸਾਧੂ ਸਿੰਘ ਜਥੇਦਾਰ*

*ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ*

ਭਾਗ ਸਿੰਘ ਅੰਬਾਲਾ ਇਸ ਹੁਕਮਨਾਮੇ ਦੀ ਤਾਬ ਨਾ ਸਹਾਰਦਾ ਹੋਇਆ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋਇਆ ਤੇ ਉਸ ਨੇ ਪਸ਼ਚਾਤਾਪ ਕਰਦਿਆਂ ਖਿਮਾ ਯਾਚਨਾ ਕੀਤੀ।

ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਕਿੰਤੂ ਪ੍ਰੰਤੂ ਕਰਣ ਵਾਲਿਆਂ ਨੂੰ ਸਿਖ ਪੰਥ ਦੀ ਸਰਵੁੱਚ ਸੰਸਥਾ ਮੀਰੀ ਪੀਰੀ ਦੇ ਸਥਾਨ ਨੇ 'ਸ਼ਰਾਰਤੀ ਅਨਸਰ' ਕਰਾਰ ਦਿੱਤਾ ਹੈ। ਇਹ ਹੁਕਮਨਾਮਾ ਇਸ ਤਰ੍ਹਾਂ ਹੈ:

*ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਿਤੀ ੧੪ ਮੱਘਰ ਸੰਮਤ ਨਾਨਕਸ਼ਾਹੀ ੫੩੮ (੨੭-੧੧-੦੬) ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤ੍ਰਤਾ ਵਿਚ ਪ੍ਰਵਾਨ*

*<u>ਮਤਾ ਨੰ : ੨</u>*

*ਕੁਝ ਸ਼ਰਾਰਤੀ ਅਨਸਰਾਂ ਵਲੋਂ ਮੀਡੀਏ ਰਾਹੀਂ ਦਸਮ ਗ੍ਰੰਥ ਬਾਰੇ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਸ੍ਰੀ ਅਕਾਲ ਤਖਤ ਸਾਹਿਬ ਦੇ ੧੪ ਮਈ ੨੦੦੦ ਦੇ ਆਦੇਸ਼ਾਂ ਉਪਰ ਪਹਿਰਾ ਦਿੰਦੇ ਹੋਏ ਚੁੱਪ ਹਨ, ਮਾਮਲੇ ਨੂੰ ਧਿਆਨ ਵਿਚ ਰੱਖਦਿਆਂ ਦੀਰਘ ਵਿਚਾਰ ਕਰਨ ਉਪਰੰਤ ਪੰਜ ਸਿੰਘ ਸਾਹਿਬਾਨ ਵੱਲੋਂ ਨਿਰਣਾ ਲਿਆ ਜਾਂਦਾ ਹੈ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਅਜਿਹੇ ਸ਼ਰਾਰਤੀ ਅਨਸਰਾਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਇਤਿਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ ਦੇ ਅਧਾਰ ਤੇ ਢੁਕਵਾਂ ਉੱਤਰ ਦੇਣ।*

*ਗੁਰੂ ਰਾਖਾ*

*(ਜੋਗਿੰਦਰ ਸਿੰਘ)*

*ਜਥੇਦਾਰ*

## ਸਿਖ ਮਿਸ਼ਨਰੀ ਕਾਲਜ

ਸਿਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ ਨੇ ਪੁਸਤਕ 'ਦਸਮ ਗ੍ਰੰਥ ਬਾਰੇ ਸੰਖੇਪ ਜਾਣਕਾਰੀ' ਪ੍ਰਕਾਸ਼ਤ ਕਰਕੇ ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਬਾਰੇ ਅਤਿ-ਘਟੀਆ, ਦਿਲ-ਦੁਖਾਊ, ਗੁਰ-ਨਿੰਦਾ ਅਤੇ ਭੜਕਾਊ ਲਿਖਤ ਲਿਖ ਕੇ ਸ੍ਰੀ ਗੁਰੁ ਗੋਬਿੰਦ ਸਿੰਘ ਰਚਿਤ ਪਾਵਨ ਗੁਰਬਾਣੀ ਦੀ ਘੋਰ ਨਿੰਦਾ ਕੀਤੀ ਹੈ ਅਤੇ ਭਾਰਤੀ ਦੰਡਾਵਲੀ ਦੀ ਧਾਰਾ ੨੯੫ਏ ਅਧੀਨ ਦੰਡ ਯੋਗ ਅਪਰਾਧ ਕੀਤਾ ਹੈ।

ਸਿਖ ਮਿਸ਼ਨਰੀ ਕਾਲਜ ਦੀ ਉਕਤ ਪੁਸਤਕ ਵਿਚ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿਤੇ ਭਾਗ ਸਿੰਘ ਅੰਬਾਲਾ ਦੀਆਂ ਲਿਖਤਾਂ ਦੇ ਹਵਾਲੇ ਨਾਲ ਦਸ਼ਮੇਸ਼ ਬਾਣੀ ਦੀ ਨਿੰਦਾ ਕਰਦਿਆਂ ਲਿਖਿਆ ਗਿਆ ਹੈ।

*ਸੰਨ ੧੯੭੬ ਵਿਚ ਗਿਆਨੀ ਭਾਗ ਸਿੰਘ ਜੀ ਅੰਬਾਲਾ (ਅੱਜਕਲ੍ਹ ਚੰਡੀਗੜ੍ਹ ਵਿਚ ਨਿਵਾਸ ਰਖ ਰਹੇ ਹਨ) ਨੇ 'ਦਸਮ ਗ੍ਰੰਥ ਨਿਰਣੈ' ਨਾਮ ਦੀ ਪੁਸਤਕ ਛਪਵਾਈ ਸੀ। ਗਿਆਨੀ ਭਾਗ ਸਿੰਘ ਜੀ ਗੁਰਬਾਣੀ ਵਿਆਖਿਆ ਦੇ ਪ੍ਰਬੀਨ ਵਿਦਵਾਨ ਮੰਨੇ ਜਾਂਦੇ ਹਨ। ਗਿਆਨੀ ਜੀ ਨੇ ਵੀ ਇਹੀ ਸਿੱਧ ਕੀਤਾ ਹੈ ਕਿ ਦਸਮ ਗ੍ਰੰਥ ਵਿਚ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਬਹੁਤ ਥੋੜ੍ਹੀਆਂ ਹਨ। ਬਾਕੀ ਕੱਚੀਆਂ ਰਚਨਾਵਾਂ ਹਨ ਜੋ ਰਾਮ, ਸਿਆਮ ਤੇ ਕਾਲ ਆਦਿਕ ਤਾਂਤ੍ਰਿਕ-ਮੱਤ ਦੇ ਧਾਰਨੀ ਕਵੀਆਂ ਦੀਆਂ ਰਚੀਆਂ ਹੋਈਆਂ ਹਨ। ਗਿਆਨੀ ਭਾਗ ਸਿੰਘ ਜੀ ਦਾ ਮੱਤ ਹੈ ਕਿ ਜਿਨ੍ਹਾਂ ਰਚਨਾਵਾਂ ਵਿਚ*

*ਨਸ਼ਿਆਂ ਨੂੰ ਸੇਵਨ ਦੀ ਹਮਾਇਤ ਕੀਤੀ ਗਈ ਹੋਵੇ, ਪੁਰਾਣਿਕ ਦੇਵੀ-ਦੇਵਤਿਆਂ ਦਾ ਜੱਸ ਗਾਇਆ ਗਿਆ ਹੋਵੇ ਅਤੇ ਇਸਤਰੀ-ਪੁਰਖ ਦੇ ਗੁਪਤ ਅੰਗਾਂ ਦੇ ਨਾਮ ਖੁਲ੍ਹ ਕੇ ਵਰਤੇ ਗਏ ਹੋਣ, ਗੰਦੀ, ਨੰਗੀ ਤੇ ਅਸ਼ਲੀਲ ਭਾਸ਼ਾ ਵਰਤੀ ਗਈ ਹੋਵੇ ਉਹ ਦਸਵੇਂ ਪਾਤਸ਼ਾਹ ਦੀਆਂ 'ਬਾਣੀਆਂ' ਕਦਾਚਿਤ ਨਹੀਂ ਹੋ ਸਕਦੀਆਂ। ਆਪਣੀ ਪੁਸਤਕ ਦੇ ਸਫਾ ੩੧ ਉਤੇ ਗਿਆਨੀ ਭਾਗ ਸਿੰਘ ਜੀ ਲਿਖਦੇ ਹਨ-'...ਦਸਮ ਗ੍ਰੰਥ ਦੀ ਰਚਨਾ ਰੂਪੀ ਵਸਤੂ ਦੀ ਪਛਾਣ ਹਿਤ ਸਿਰਫ ਕ੍ਰਿਸ਼ਨਾਵਤਾਰ ਵਿਚੋਂ ਚੀਰ ਹਰਣ, ਰਾਸ ਲੀਲਾ ਆਦਿਕ ਅਤੇ ਪਾਖਿਆਨ ਚਰਿਤ੍ਰਾਂ ਹਿੱਤ ਕਾਲੇ ਕੀਤੇ ੫੮੯ ਸਫਿਆਂ ਤਥਾ ਜ਼ਫਰਨਾਮੇ ਤੋਂ ਪਿਛਲੀਆਂ ੧੧ ਹਕਾਇਤਾਂ ਵਿਚੋਂ ਯਥਾਰਥ ਰੂਪ ਵਿਚ ਸੰਖੇਪ ਤੋਂ ਸੰਖੇਪ ਜਾਣਕਾਰੀ ਵੀ ਦਿੱਤੀ ਜਾਵੇ ਤਾਂ ਉਪਰੋਕਤ ਸਾਰੇ ਦੇ ਸਾਰੇ ਗ੍ਰੰਥਾਂ ਨੂੰ ਦਸਮੇਸ਼-ਕ੍ਰਿਤ ਮੰਨਣ ਵਾਲੇ 'ਨਿਰਪੱਖ' ਸ਼ਰਧਾਲੂ ਤ੍ਰਾਹ ਤ੍ਰਾਹ ਕਰਦੇ ਹੋਏ ਕੰਨੀਂ ਹੱਥ ਲਾ ਕੇ ਆਪਣੇ ਆਪ ਹੀ ਕਹਿ ਉਠਣਗੇ ਕਿ ਇਹ ਰਚਨਾਵਾਂ ਕੇਵਲ ਕਾਮਚੇਸ਼ਟਾ ਉੱਤੇਜਤ ਕਰਣ ਅਤੇ ਕੋਕਸ਼ਾਸਤ੍ਰ ਵਾਂਗੂੰ ਨਸ਼ਿਆਂ ਰਾਹੀਂ ਕਾਮਪੂਰਤੀ ਹਿੱਤ ਨਿਰੋਲ ਵਿਭਚਾਰਕ ਟੋਟਕਿਆਂ ਨਾਲ ਭਰੀਆਂ ਪਿਟਾਰੀਆਂ ਹਨ, ਜਿਨ੍ਹਾਂ ਵਿਚ ਹੋਰ ਤੇ ਹੋਰ ਇਸਤ੍ਰੀ-ਪੁਰਸ਼ਾਂ ਦੇ ਗੁਪਤ ਅੰਗਾਂ ਨੂੰ ਵੀ ਖੁਲੇ-ਡੁਲੇ ਸ਼ਬਦਾਂ ਵਿਚ ਦਰਸਾਇਆ ਗਿਆ ਹੈ।*

*ਗਿਆਨੀ ਭਾਗ ਸਿੰਘ ਜੀ ਨੇ 'ਦਸਮ ਗ੍ਰੰਥ ਨਿਰਣੈ' ਵਿਚ ਵਿਸ਼ੇਸ਼ ਤੌਰ 'ਤੇ ਉਨ੍ਹਾਂ ਰਚਨਾਵਾਂ ਬਾਰੇ ਵਿਸਥਾਰ ਵਿਚ ਲਿਖਿਆ ਹੈ ਜਿਨ੍ਹਾਂ ਨੂੰ ਕਿ ਉਹ ਦਸਮੇਸ਼-ਕ੍ਰਿਤ ਨਹੀਂ ਮੰਨਦੇ। ਆਪ ਜੀ ਨੇ ਅਕੱਟ ਦਲੀਲਾਂ ਅਤੇ ਗੁਰਬਾਣੀ-ਪ੍ਰਮਾਣ ਦੇ ਕੇ ਇਹ ਸਿੱਧ ਕੀਤਾ ਹੈ ਕਿ ਸ਼ਸਤਰ-ਨਾਮ ਮਾਲਾ, ਗਿਆਨ ਪ੍ਰਬੋਧ, ਚੰਡੀ ਚਰਿਤ੍ਰ, ਚੰਡੀ ਦੀ ਵਾਰ (ਵਾਰ ਦੁਰਗਾ ਕੀ) ਚੌਬੀਸ ਅਵਤਾਰ, ਤ੍ਰੀਯਾ ਚਰਿਤ੍ਰ, ਬਚਿਤ੍ਰ ਨਾਟਕ (ਅਪਨੀ ਕਥਾ), ਜ਼ਫਰਨਾਮਾ ਦੇ ਮਗਰਲੀਆਂ ਹਕਾਇਤਾਂ ਕਿਸੇ ਹਾਲਤ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨਹੀਂ ਹੋ ਸਕਦੀਆਂ। ਗਿਆਨੀ ਜੀ ਨੇ ਅਨੰਦ ਕਾਰਜਾਂ ਸਮੇਂ ਪੜ੍ਹੀ ਜਾਣ ਵਾਲੀ ਰਚਨਾ 'ਜੋਰੀ ਜੀਯੋ ਜੁਗ ਚਾਰਿ ਤਿਹਾਰੀ' ਵਾਲੀ ਆਰਤੀ, 'ਦੇਹ ਸ਼ਿਵਾ ਬਰ ਮੋਹਿ ਇਹੈ', ਆਦਿਕ ਰਚਨਾਵਾਂ ਬਾਰੇ ਵੀ ਇਹੀ ਕਿਹਾ ਹੈ ਕਿ ਇਹ ਦਸਮ-ਗੁਰੂ ਜੀ ਦੀਆਂ ਰਚਨਾਵਾਂ ਨਹੀਂ ਹਨ। ਗਿਆਨੀ ਜੀ ਨੇ ਤਾਂ ਅਰਦਾਸ ਦੀ ਪਹਿਲੀ ਪਉੜੀ 'ਪ੍ਰਿਥਮ ਭਗੌਤੀ ਸਿਮਰ ਕੈ' (ਜੋ 'ਵਾਰ ਦੁਰਗਾ ਦੀ' ਦੀ ਪਹਿਲੀ ਪਉੜੀ ਹੈ) ਅਤੇ ਚੌਪਈ 'ਹਮਰੀ ਕਰੋ ਹਾਥ ਦੈ ਰੱਛਾ (ਜੋ ੪੦੫ਵੇਂ ਤ੍ਰਿਆ ਚਰਿਤ੍ਰ ਵਿਚ ਅੰਕਤ ਹੈ)' ਬਾਰੇ ਵੀ ਇਹੀ ਲਿਖਿਆ ਹੈ ਕਿ ਇਹ ਦਸਮ-ਗੁਰੂ ਕ੍ਰਿਤ ਨਹੀਂ ਹਨ। ਗਿਆਨੀ ਜੀ ਨੇ ਹੇਮਕੁੰਟ ਬਾਰੇ ੩੯ ਪੰਨੇ (੧੫੦ ਤੋਂ ੧੮੯ ਤੱਕ) ਲਿਖੇ ਹਨ। ਆਪ ਨੇ ਹੇਮ ਕੁੰਟ ਤੇ ਦੁਸਟ ਦਮਨ ਬਾਰੇ ਜਾਣਕਾਰੀ ਦੇਣ ਮਗਰੋਂ ਇਹ ਲਿਖਿਆ ਹੈ ਕਿ ਹੇਮਕੁੰਟ ਗੁਰ-ਤੀਰਥ ਨਹੀਂ ਹੈ ਅਤੇ ਸਿੱਖਾਂ ਨੂੰ ਉਥੇ ਬਤੌਰ ਇਤਿਹਾਸਕ ਸਥਾਨ ਦੇ ਯਾਤਰਾ ਕਰਨ ਨਹੀਂ ਜਾਣਾ ਚਾਹੀਦਾ।'*

***(ਦਸਮ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਪੰਨਾ ੧੩)***

ਸਿਖ ਮਿਸ਼ਨਰੀ ਕਾਲਜ ਵਾਲੇ ਮੰਨਦੇ ਹਨ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਭਾਈ ਮਨੀ ਸਿੰਘ ਜੀ ਦੁਆਰਾ ਤਿਆਰ ਕੀਤੀ ਗਈ ਸੀ। ਪਰ ਨਾਲ ਇਹ ਲਿਖਣਾ ਕਿ ਬਾਬਾ ਦੀਪ ਸਿੰਘ ਜੀ ਅਤੇ ਭਾ. ਸੁਖਾ ਸਿੰਘ ਜੀ ਨੇ ਆਪਣੀ ਰੁਚੀ ਅਨੁਸਾਰ ਇਸ ਵਿਚ ਵਾਧਾ ਘਾਟਾ ਕੀਤਾ। ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਰੁਚੀ ਕੈਸੀ ਸੀ। ਇਹ ਪੰਥ ਦੇ ਮਹਾਨ ਸ਼ਹੀਦਾਂ ਦਾ ਵੀ ਨਿਰਾਦਰ ਹੈ।

*ਅਜਿਹੀ ਪਹਿਲੀ ਜਿਲਦ ਭਾਈ ਮਨੀ ਸਿੰਘ ਦੁਆਰਾ ਤਿਆਰ ਕੀਤੀ ਗਈਂ। ਇਸ ਬੀੜ ਦੇ ਹੋਂਦ ਵਿਚ ਆਉਣ ਦੀ ਤਰੀਕ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ। ਫਿਰ ਵੀ ਇਹ ਗੱਲ ਨਿਸਚਿਤ ਹੈ ਕਿ ਇਹ ਬੀੜ ਭਾਈ ਸਾਹਿਬ ਦੀ ਸ਼ਹੀਦੀ (੧੭੩੮ ਈ.) ਤੋਂ ਪਹਿਲਾਂ ਤਿਆਰ ਕੀਤੀ ਜਾ ਚੁੱਕੀ ਸੀ। ਭਾਈ ਮਨੀ ਸਿੰਘ ਜੀ ਦੇ ਮਗਰੋਂ ਬਾਬਾ ਦੀਪ ਸਿੰਘ ਜੀ ਅਤੇ ਭਾ. ਸੁਖਾ ਸਿੰਘ ਆਦਿ ਨੇ ਹੋਰ ਪ੍ਰਾਪਤ ਸਮੱਗਰੀ ਨੂੰ ਰਲਾ ਕੇ ਆਪਣੀ ਆਪਣੀ ਰੁਚੀ ਅਨੁਸਾਰ ਇਸ ਗ੍ਰੰਥ ਦੇ ਵੱਖ-ਵੱਖ ਸੰਸਕਰਣ (ਐਡੀਸ਼ਨ) ਤਿਆਰ ਕੀਤੇ। ਉਸ ਵੇਲੇ ਤੱਕ ਇਸ ਗ੍ਰੰਥ ਨੂੰ 'ਬਚਿਤ੍ਰ ਨਾਟਕ' ਦਾ ਨਾਂ ਦਿਤਾ ਜਾਂਦਾ ਸੀ, ਪਰ ਬਾਅਦ ਵਿਚ ਇਸ ਨੂੰ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਆਖਿਆ ਜਾਣ ਲੱਗ ਪਿਆ ਅਤੇ ਹੁਣ ਇਹ 'ਦਸਮ ਗ੍ਰੰਥ' ਦੇ ਨਾਮ ਨਾਲ ਪ੍ਰਸਿੱਧ ਹੈ।*

***(ਦਸਮ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਪੰਨਾ ੭)***

ਸਿਖ ਮਿਸ਼ਨਰੀ ਕਾਲਜ ਲੁਧਿਆਣਾ ਨੇ ਗੁਰੁ ਗੋਬਿੰਦ ਸਿੰਘ ਜੀ ਦੀ ਸਿੱਧੇ ਸਪਸ਼ਟ ਸ਼ਬਦਾਂ ਵਿਚ ਨਿੰਦਾ ਕਰਦਿਆਂ ਇਹ ਲਿਖਿਆ ਹੈ ਕਿ ਇਹਨਾਂ ਪਾਵਨ ਬਾਣੀਆਂ ਦੇ ਰਚਨਹਾਰੇ ਗੁਰੁ ਜੀ ਨਹੀਂ ਸਨ ਪਰ ਉਹਨਾਂ ਨੇ ਇਸ ਨੂੰ ਆਪਣੀ ਬਾਣੀ ਦੇ ਰੂਪ ਵਿਚ ਪ੍ਰਚਾਰਤ ਕੀਤਾ।

*ਸਿੱਟਾ : ਇਹ ਕਿ 'ਚੌਬੀਸ ਅਵਤਾਰ', 'ਚਰਿਤ੍ਰੋਪਾਖਿਆਨ' ਅਤੇ 'ਬਚਿਤ੍ਰ ਨਾਟਕ' (ਜਿਵੇਂ ਬਚਨਿਕਾ ਤੋਂ ਸਪੱਸ਼ਟ ਹੈ) ਨਾਮਕ ਕ੍ਰਿਤੀਆਂ ਕਵੀਆਂ, ਭੱਟਾਂ, ਪੰਡਿਤਾਂ ਆਦਿ ਦੀਆਂ ਰਚਨਾਵਾਂ ਹਨ ਅਤੇ ਦਸਵੇਂ ਗੁਰੁ ਦੀ ਇਨ੍ਹਾਂ ਨੂੰ ਕੇਵਲ ਮਾਨਤਾ ਹੀ ਪ੍ਰਾਪਤ ਸੀ। ਇਨ੍ਹਾਂ ਕ੍ਰਿਤੀਆਂ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਗੁਰੁ ਜੀ ਨੇ ਇਹਨਾਂ ਨੂੰ ਆਪਣੀਆਂ ਰਚਨਾਵਾਂ ਦੇ ਰੂਪ ਵਿਚ ਪ੍ਰਚਾਰਿਤ ਕੀਤਾ। ਕਦਾਚਿਤ ਇਸੇ ਗੱਲ ਦਾ ਕਾਲਾਂਤਰ ਵਿਚ ਇਤਨਾ ਪ੍ਰਚਾਰ ਹੋ ਗਿਆ ਕਿ ਇਹਨਾਂ ਸਾਰੀਆਂ ਕ੍ਰਿਤੀਆਂ ਦਾ ਰਚਨਹਾਰ ਦਸਵੇਂ ਗੁਰੁ ਨੂੰ ਹੀ ਸਮਝਿਆ ਜਾਣ ਲੱਗਾ। ਅਸਲ ਵਿਚ 'ਮਹਿਮਾ ਪ੍ਰਕਾਸ਼' ਦਾ ਇਹ ਉਲੇਖ ਦੋ ਕਾਰਨਾਂ ਕਰਕੇ ਬਹੁਤ ਮਹੱਤਵ ਪੂਰਣ ਹੈ।*

***(ਦਸਮ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਪੰਨਾ ੧੮)***

ਸਿਖ ਮਿਸ਼ਨਰੀ ਕਾਲਜ ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀ ਸਿਧੀ ਨਿੰਦਾ ਕਰਦਿਆਂ ਦਸਮ ਬਾਣੀ ਤੇ ਟਿਪਣੀ ਕਰਦਿਆ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ।

*ਉਪਰਲੀ ਵਿਚਾਰ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ 'ਦਸਮ ਗ੍ਰੰਥ' ਵਿਚ ਕਈ 'ਬਾਣੀਆਂ' ਅਜਿਹੀਆਂ ਹਨ, ਦਸਮ ਪਾਤਸ਼ਾਹ ਨੇ ਨਹੀਂ ਉਚਾਰਿਆ। ਘੱਟੋ ਘੱਟ ਉਹ ਰਚਨਾਵਾਂ ਜਿਨ੍ਹਾਂ ਵਿਚ ਇਕ ਅਕਾਲ ਪੁਰਖ ਦੀ ਥਾਂ ਹੋਰਨਾਂ ਦੇਵੀ-ਦੇਵਤਿਆਂ ਦੀ ਅਰਾਧਨਾ ਕੀਤੀ ਗਈ ਹੈ, ਪੁਰਾਣੇ ਅਵਤਾਰਾਂ ਦਾ ਜੱਸ ਗਾਇਆ ਗਿਆ ਹੈ, ਤਾਂਤ੍ਰਿਕ ਮੱਤ ਦੇ ਨਿੰਦਣਯੋਗ ਕੰਮਾਂ, ਭਾਵ ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਅਤੇ ਇਸਤਰੀ-ਪੁਰਸ਼ ਦੇ ਗੁਪਤ ਅੰਗਾਂ ਦੇ ਨਾਵਾਂ ਦੀ ਖੁੱਲ੍ਹੀ ਵਰਤੋਂ ਅਤੇ ਕਾਮ-ਉਕਸਾਊ ਅਸ਼ਲੀਲ ਅਤੇ ਗੰਦੀ ਭਾਸ਼ਾ ਦੀ ਵਰਤੋਂ ਨਾਲ ਭਰਪੂਰ ਹਨ, ਉਨ੍ਹਾਂ ਨੂੰ ਕਦਾਚਿਤ ਦਸਮ ਪਾਤਸ਼ਾਹ ਦੀਆਂ ਰਚਨਾਵਾਂ ਨਹੀਂ ਕਿਹਾ ਜਾ ਸਕਦਾ। ਇਹ ਰਚਨਾਵਾਂ ਹਨ : -*

*੧. ਅਪਨੀ ਕਥਾ (ਬਚਿਤ੍ਰ ਨਾਟਕ)*
*੨. ਚੰਡੀ ਚਰਿਤ੍ਰ 'ਉਕਤ ਬਿਲਾਸ'*
*੩. ਚੰਡੀ ਚਰਿਤ੍ਰ ਦੂਜਾ*
*੪. ਚੌਬੀਸ ਅਵਤਾਰ*
*੫. ਬ੍ਰਹਮੀ ਅਵਤਾਰ*
*੬. ਰੁਦਰ ਅਵਤਾਰ...... ਆਦਿਕ*
*੭. ਵਾਰ ਦੁਰਗਾ ਕੀ*
*੮. ਚਰਿਤ੍ਰੋਪਾਖਿਆਨ (ਤ੍ਰਿਯਾ ਚਰਿਤ੍ਰ)*
*੯. ਸ਼ਸ਼ਤਰਨਾਮ ਮਾਲਾ*
*੧੦. ਹਕਾਇਤਾਂ (ਜੋ ਜ਼ਫਰਨਾਮੇ ਦੇ ਬਾਅਦ ਹਨ)*

***(ਦਸਮ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਪੰਨਾ ੩੩)***

**ਮਹਿੰਦਰ ਸਿੰਘ ਜੋਸ਼**

ਮਹਿੰਦਰ ਸਿੰਘ ਜੋਸ਼ ਸ਼੍ਰੋ. ਸਿਖ ਸਮਾਜ, ੫੩੫, ਸੈਕਟਰ-੫੫, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)- ੧੬੦੦੫੫, ੦੧੭੨-੨੨੨੬੨੫੫, ਨੇ ਇਹ ਪੁਸਤਕ ਲਿਖ ਕੇ ਨਿਤਨੇਮ ਦੀ ਬਾਣੀ 'ਸੋ ਦਰੁ ਰਹਿਰਾਸ' ਬਾਰੇ ਵੀ ਅਤਿ-ਘਟੀਆ, ਦਿਲ-ਦੁਖਾਊ, ਗੁਰ-ਨਿੰਦਾ ਤੇ ਇਸ ਨੂੰ ਕੰਜਰ ਬਾਣੀ ਕਹਿਣ ਦਾ ਦੰਡ-ਯੋਗ ਅਪਰਾਧ ਕੀਤਾ ਹੈ।

*('ਸੋ ਦਰੁ' ਬਾਰੇ ਵਿਚਾਰ ਅਤੇ ਗੁਰਬਾਣੀ ਬਨਾਮ ਪਖਯਾਨ ਚਰਿਤ੍ਰ)*

*ਕੰਜਰ-ਕਵਿਤਾ ਦਾ ਰਚਣਹਾਰ ਦਸਮ ਪਿਤਾ ਕਿਵੇਂ ?*

*ਕੇਵਲ ਥੋੜੀ ਜਿਹੀ ਨਾ-ਮਾਤਰ ਸ੍ਰੀ ਦਸ਼ਮੇਸ਼-ਕ੍ਰਿਤ ਮੰਨੀ ਜਾਂਦੀ ਰਚਨਾ (ਜੋ ਕੱਲ੍ਹ ਤੱਕ ਨਿਰਵਿਵਾਦ ਸਮਝੀ ਜਾ ਰਹੀ ਸੀ) ਦੀ ਆੜ ਵਿਚ ਅਰਸੇ ਤੋਂ ਅਨ-ਮਤੀ ਸਿਧਾਂਤਾਂ ਨਾਲ ਭਰਪੂਰ ਗੁਰੂ ਪਾਤਸ਼ਾਰ ਦੇ ਨਿਆਰੇ ਤੇ ਨਿਰਮਲ ਪੰਥ ਤੇ ਮਾਰੂ ਵਾਰ ਕਰਨ ਵਾਲੀ, ਸ਼ਰਮਨਾਕ, ਅਸ਼ਲੀਲ, ਸਾਮਗਰੀ ਤੇ ਸ਼ਬਦਾਵਲੀ ਨਾਲ ਨੱਕੋ-ਨੱਕ ਭਰੀ ਅਰ ਬੋਝਲ ਤੇ ਅਸੰਭਵ ਗੱਪਾਂ ਨਾਲ ਲੱਦੀ ਹੋਈ ਇਕ ਗੁਰਮਤਿ-ਵਿਰੋਧੀ ਸਾਕਤੀ ਪੁਸਤਕ ਸਾਡੀ ਘੋਰ ਅਣਗਹਿਲੀ ਅਰ ਕੁੰਭਕਰਨੀ ਨੀਂਦ ਕਾਰਨ ਸਿੱਖ ਕੌਮ ਦੇ ਗਲ ਪਈ ਹੋਈ ਹੈ।*

*ਦਸਮੇਸ਼ ਪਿਤਾ ਨੂੰ ਇਸ ਪੁਸਤਕ ਦਾ ਰਚਣਹਾਰ ਦੱਸਣ ਦਾ ਬਹੁਤ ਹੀ ਨਾਪਾਕ ਤੇ ਬੇ-ਬੁਨਿਆਦ ਜਤਨ ਕੀਤਾ ਜਾਂਦਾ ਰਿਹਾ ਹੈ। ਇਸ ਸਾਰੇ ਪੁਸਤਕ ਨੂੰ ਕਦੀ ਤਾਂ "ਬਚਿਤ੍ਰ ਨਾਟਕ" ਨਾਮ ਦੇਣ ਦਾ ਅਪਰਾਧ ਕੀਤਾ ਜਾਂਦਾ ਰਿਹਾ ਹੈ ਅਤੇ ਕਦੀ ਬ੍ਰਾਹਮਣੀ ਮਤ ਦੀਆਂ ਚਾਲਾਂ ਤੇ ਸਾਜ਼ਿਸ਼ਾਂ ਅਧੀਨ ਦਸਮ ਪਿਤਾ ਦੇ ਬੇਅੰਤ ਸ਼ਰਧਾਲੂ ਸਿੱਖਾਂ ਨੂੰ ਗੁੰਮਰਾਹ ਕਰਕੇ ਖਿੱਚ ਪਾਉਣ ਲਈ ਇਸ ਨੂੰ "ਦਸਮ ਗ੍ਰੰਥ" ਦਾ ਨਾਮ ਦਿੱਤਾ ਜਾਂਦਾ ਰਿਹਾ ਹੈ। ਛਾਪੇ ਦੀ ਕਾਢ ਦੇ ਪ੍ਰਚਲਿਤ ਹੋਣ ਤੱਕ ਸਾਕਤ ਮਤੀਆਂ ਵੱਲੋਂ ਆਪਣੀ ਸਾਜ਼ਿਸ਼ ਨੂੰ ਹੋਰ ਪੱਕਾ ਕਰਨ ਲਈ ਇਸ ਪੁਸਤਕ ਨੂੰ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ" ਵਾਲਾ ਨਵਾਂ ਨਾਮ ਦੇਣ ਦਾ ਘਾਤਕ ਅਪਰਾਧ ਕਰ ਦਿੱਤਾ ਗਿਆ।*

*(ਪੰਨਾ ੨੮)*

*"ਦਸਮ" ਤੇ "ਸ੍ਰੀ ਗੁਰੂ" ਲਫਜ਼ ਦੀ ਸ਼ਰਾਰਤਾਨਾ ਸ਼ਮੂਲੀਅਤ :*

*ਨਿਰੋਲ ਧੱਕੇ ਤੇ ਵਧੀਕੀ ਨਾਲ ਇਹ ਦੋ ਲਫਜ਼ ਇਸ ਸਾਕਤੀ ਪੁਸਤਕ ਦੇ ਨਾਮ ਵਿਚ ਪਾ ਦਿੱਤੇ ਗਏ ਤੇ ਇਸ ਘਟੀਆ ਪੁਸਤਕ ਨੂੰ "ਗ੍ਰੰਥ" ਵੀ ਕਿਹਾ ਜਾਣ ਲੱਗਿਆ। ਖਿੱਚ ਪਾਉਣ ਵਾਲੇ ਇਨ੍ਹਾਂ ਲਫਜ਼ਾਂ ਦੇ ਇਸਤੇਮਾਲ ਰਾਹੀਂ ਸਿੱਖਾਂ ਵਿੱਚ ਵੱਧ ਤੋਂ ਵੱਧ ਭੁਲੇਖੇ ਪਾ ਦਿੱਤੇ ਗਏ। ਬਿਨਾ ਪੜ੍ਹੇ ਤੇ ਬਿਨਾ ਪਰਖ ਕੀਤਿਆਂ ਇਸ ਦੂਸ਼ਿਤ ਰਚਨਾ ਨੂੰ ਗੁਰੁ ਕ੍ਰਿਤ ਮੰਨਣਾ ਸ਼ੁਰੂ ਹੋ ਗਿਆ।*

*(ਪੰਨਾ ੪੦)*

*ਪ੍ਰਚਾਰਕਾਂ ਦਾ ਮਚਲਾਪਨ ਤੇ ਕੂੜੀ ਜ਼ਿੱਦ :*

*ਇਸ ਪੁਸਤਕ ਨਾਲ ਬਹੁਤਾ ਹੇਜ ਦੱਸਣ ਵਾਲੇ ਪ੍ਰਚਾਰਕਾਂ ਨੂੰ (i) ਆਪਣੇ ਪਰਿਵਾਰ ਵਿਚ ਇਸ ਪੁਸਤਕ ਦਾ, ਲਾਊਡ ਸਪੀਕਰ ਲਾ ਕੇ ਪਾਠ ਕਰਨ, (ii) ਇਸ ਦੇ ਚੌਣਵੇਂ ਬੰਦਾਂ ਦਾ ਕੀਰਤਨ ਕਰਨ, (iii) ਇਸ ਦੇ ਬੰਦਾਂ ਨੂੰ ਨਿਤਨੇਮ ਦੇ ਗੁਟਕੇ ਵਿਚ ਸ਼ਾਮਲ ਕਰਨ (ਜਾਂ ਕਰਵਾਉਣ) ਤੇ (iv) ਇਸ ਕੰਜਰ-ਕਵਿਤਾ ਦੇ ਕਿੱਤੇ (ਕੁਝ ਟੂਕਾਂ) ਬਣਾ ਕੇ ਆਪਣੀ ਬੈਠਕ ਵਿਚ ਲਗਾਉਣ ਵਰਗੀਆਂ ਤਜਵੀਜ਼ਾਂ ਦੇਣ ਪੁਰ ਉਹ ਨਿਰੁੱਤਰ ਹੋ ਕੇ ਬਿਟਰ-ਬਿਟਰ ਤੱਕਣ ਤੇ ਤਾਂ ਮਜ਼ਬੂਰ ਹੋ ਜਾਂਦੇ ਰਹੇ ਪਰ ਆਪਣੀ ਜ਼ਿੱਦ ਕਾਰਨ ਮਚਲੇ ਹੋ ਕੇ ਦੰਦੀਆਂ ਕੱਢਦਿਆਂ ਹੋਇਆਂ ਤੇ ਹੀ-ਹੀ ਕਰਦੀਆਂ ਹੋਇਆਂ ਭੱਜ ਨਿਕਲਣ ਦੇ ਰਸਤੇ ਨੂੰ ਅਪਨਾਉਣ ਵਿਚ ਹੀ ਆਪਣੀ ਬੇਹਤਰੀ ਸਮਝਦੇ ਰਹੇ।*

*(ਪੰਨਾ ੪੧)*

*ਇਥੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਚਰਿਤ੍ਰ ਗੁਰੁ ਦਸਮੇਸ਼ ਰਚਿਤ ਨਹੀਂ ਅਤੇ ਇਹਨਾਂ ਦੇ ਲਿਖਾਰੀ ਆਚਰਨ-ਹੀਣਤਾ, ਅਸ਼ਲੀਲਤਾ, ਬੇ-ਹਯਾਈ ਤੇ ਬੇ-ਸ਼ਰਮੀ ਦਾ ਪ੍ਰਚਾਰ ਕਰਨ ਵਾਲੇ ਸਾਕਤ-ਮਤੀ ਕਵੀ ਹਨ। ਕਹਾਣੀਆਂ ਤੇ ਇਹਨਾਂ ਦੀ ਸ਼ੈਲੀ ਵਿਚ ਸੁਹਜ-ਸੁਆਦ ਤੇ ਸ਼ਾਲੀਨਤਾ ਉੱਕੀ ਹੀ ਨਹੀਂ। ਅਸੰਭਵ ਤੱਤਾਂ ਨਾਲ ਇਤਿਹਾਸ, ਮਿਥਿਹਾਸ ਤੇ ਕਲਪਨਾ ਦਾ ਬੜਾ ਕੁਹਝਾ ਜਿਹਾ ਰਲ-ਗਡਾ ਪੇਸ਼ ਕਰਦਿਆਂ ਗੁਰੁ ਦਸਮੇਸ਼ ਨੂੰ ਇਹਨਾਂ ਦਾ ਰਚਣਹਾਰ ਦੱਸਣ ਦਾ ਅਪਰਾਧ ਕੀਤਾ ਗਿਆ ਹੈ।*

*(ਪੰਨਾ ੪੫)*

## ਸੁਰਜੀਤ ਸਿੰਘ (ਗਿਆਨੀ)

ਸੁਰਜੀਤ ਸਿੰਘ (ਗਿਆਨੀ), J-IV/੪੬, ਡਬਲ ਸਟੋਰੀ, ਲਾਜਪਤ ਨਗਰ, ਨਵੀਂ ਦਿੱਲੀ-੨੪, ਨੇ ਵੀ ਨਿਤਨੇਮ ਦੀ ਪਾਵਨ ਬਾਣੀ, ਬੇਨਤੀ ਚੌਪਈ ਤੇ ਅਰਦਾਸ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ।

*ਸਚਾਈ ਤਾਂ ਇਹ ਹੈ ਕਿ ਅੱਜ ਅਨੇਕਾਂ ਸਿੱਖ ਘਰਾਣਿਆਂ ਵਿਚ ਸੋਦਰੁ ਸਮੇਂ ਚੌਪਈ 'ਪ੍ਰਣਵੋ ਆਦਿ ਏਕੰਕਾਰਾ' ਹੀ ਪੜ੍ਹੀ ਜਾ ਰਹੀ ਹੈ ਅਤੇ 'ਹਮਰੀ ਕਰੋ ਹਾਥ ਦੇ ਰਛਾ' ਨਹੀਂ ਪੜ੍ਹੀ ਜਾ ਰਹੀ। ਅਨੇਕਾਂ ਸੂਝਵਾਨ, ਜਦੋਂ ਉਹਨਾਂ ਨੂੰ ਸਮਝ ਆ ਜਾਂਦੀ ਹੈ ਕਿ 'ਸ੍ਰੀ ਭਗਉਤੀ ਜੀ ਸਹਾਇ' ਪ੍ਰਕਰਣ ਅਨੁਸਾਰ ਭਗਉਤੀ ਸ਼ਬਦ ਅਕਾਲ ਪੁਰਖ ਬੋਧਕ ਨਹੀਂ, ਬਲਕਿ ਕਿਸੇ ਕਿਰਤਮ ਦੇਵੀ ਦੇ ਅਰਥ ਵਿਚ ਹੀ ਹੈ। ਜਦੋਂ ਉਹਨਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਅਕਾਲ ਪੁਰਖ ਦੇ ਸੱਚੇ ਮਿਲਾਵੇ ਗੁਰੁ ਨਾਨਕ ਤੋਂ ਗੁਰੁ ਗੋਬਿੰਦ ਸਿੰਘ ਸਾਹਿਬ ਤੀਕ ਨੂੰ, ਨਾ ਸਮਝੀ ਅਧੀਨ ਦੇਵੀ ਉਪਾਸ਼ਕ ਅਥਵਾ 'ਗੁਰੂ ਨਾਨਕ ਲਈ ਧਿਆਏ' ਹੀ ਮੰਨੀ ਜਾ ਰਹੇ ਹਨ। ਜਦੋਂ ਉਹਨਾਂ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਪਉੜੀ, ਜੋ ਉਹ ਅਰਦਾਸ ਦੇ ਅਰੰਭ ਵਿਚ ਪੜ੍ਹ ਰਹੇ ਹਨ, ਦਸਮੇਸ਼ ਰਚਨਾ ਨਹੀਂ ਤਾਂ ਉਹਨਾਂ ਦਾ ਸਿੱਖੀ ਹਿਰਦਾ ਕੰਬ ਉਠਦਾ ਹੈ। ਉਹ ਝਟ ਇਸ ਭਗਉਤੀ ਉਪਾਸਨਾ ਵਾਲੀ ਪਉੜੀ ਤੋਂ ਬਾਗੀ ਹੋ ਕਰ ਕੇ ਆਪਣੇ ਵਖਰੇ ਢੰਗ ਨਾਲ ਅਕਾਲ ਪੁਰਖ ਅਤੇ ਦਸਾਂ ਸਤਿਗੁਰਾਂ ਦੀ ਮਹਿਮਾ ਵਿਚ ਆਪਣੇ ਸ਼ਬਦ ਤਿਆਰ ਕਰ ਲੈਂਦੇ ਹਨ। ਇਸ ਤਰ੍ਹਾਂ ਪੰਥ ਅੰਦਰ ਰੰਗ-ਬਿਰੰਗੇ ਅਰਦਾਸਾਂ ਦੇ ਰੂਪ ਕਾਇਮ ਹੁੰਦੇ ਜਾ ਰਹੇ ਹਨ।*

*(ਗੁਰੁ ਨਾਨਕ ਦਰਪਣ, ਪੰਨਾ: ੧੫-੧੬)*